# ਜ਼ਨਤਕ ਸੂਚਨਾ

ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਰਾਜ ਵਿੱਚ ਲਗਭਗ 5000 ਤੋ ਵੱਧ ਅਜਿਹੀ ਉਦਯੋਗ ਹਨ, ਜਿਥੇ ਬੁਆਇਲਰ ਚੱਲ ਰਹੇ ਹਨ। ਇਨ੍ਹਾਂ ਉਦਯੋਗਾ ਵਿੱਚ 15000 ਦੇ ਕਰੀਬ ਬੁਆਇਲਰ ਅਟੈਂਡੰਟ ਅਪਰੇਟਰ ਲੋੜੀਦੇਂ ਹਨ। ਇਹ ਨੋਜਵਾਨਾ ਲਈ ਇੱਕ ਸੁਨਿਹਰੀ ਅਵਸਰ ਹੈ ਕਿ ਉਹ ਅਪ੍ਰੇਟਸਿਸ਼ਿਪ ਟ੍ਰੇਨਿੰਗ ਸਕੀਮ ਅਧੀਨ ਬੁਆਇਲਰ ਅਟੈਂਡੰਟ ਦੀ ਸਿਖਲਾਈ ਪ੍ਰਾਪਤ ਕਰਕੇ ਇਨ੍ਹਾ ਉਦਯੋਗਾ ਵਿੱਚ ਨੋਕਰੀ ਹਾਸਲ ਕਰ ਸਕਣ। ਇਸ ਮੰਤਵ ਹਿੱਤ ਮਿਤੀ: 24-6-2022 ਨੂੰ ਚੈਂਬਰ ਆਫ ਇੰਡਸਟਰੀ ਐਂਡ ਕਮਰਸ ਅੰਡਰਟੇਕਿੰਗ ਫੇਜ਼ 5 ਫੋਕਲ ਪੁਆਇੰਟ, ਲੁਧਿਆਣਾ ਵਿੱਖੇ ਬੁਆਇਲਰ ਉਦਯੋਗ ਨਾਲ ਸਬੰਧਤ ਉਦਯੋਗਪਤਿਆ ਨਾਲ ਵਿਸ਼ੇਸ਼ ਮੀਟਿੰਗ ਕੀਤੀ ਜਾ ਰਹੀ ਹੈ। ਜਿਸ ਵਿੱਚ ਬੁਆਇਲਰ ਉਦਯੋਗ ਨਾਲ ਸਬੰਧਤ ਉਦਯੋਗ/ਉਦਯੋਗਪਤਿਆਂ ਸਾਮਿਲ ਹੋਣਗੇ ਅਤੇ ਆਪਣੇ ਆਪ ਨੂੰ ਅਪ੍ਰੇਟਿਸਸ਼ਿਪ ਪੋਰਟਲ ਤੇ ਰਜਿਸਟਰ ਕਰਵਾਉਣਗੇ।ਇਸੀ ਤਰਜ਼ ਤੇ ਵੱਖ ਵੱਖ ਜਿਲਿਆ ਤੋ ਆਉਣ ਵਾਲੇ ਨੋਜਵਾਨਾ ਨੂੰ ਵੀ ਅਪ੍ਰੇਟਿਸਸ਼ਿਪ ਟ੍ਰੇਨਿੰਗ ਸਕੀਮ ਅਧੀਨ ਦਿੱਤੀ ਜਾ ਰਹੀ ਬੁਆਇਲਰ ਅਟੈਂਡੰਟ ਦੀ ਟ੍ਰੇਨਿੰਗ ਲਈ ਰਜਿਸਟਰ ਕੀਤਾ ਜਾਵੇਗਾ । ਅਪ੍ਰੇਟਿਸ ਨੂੰ ਡੀ.ਜੀ.ਟੀ, ਭਾਰਤ ਸਰਕਾਰ ਦੀਆਂ ਗਾਇਡਲਾਇਨਜ਼ ਅਨੁਸਾਰ ਸਟਾਈਫੰਡ ਦਿੱਤਾ ਜਾਵੇਗਾ ਜੋ ਕਿ ਪਹਿਲ ਸਾਲ 7000/- ਰੁਪਏ ,ਦੂਜੇ ਸਾਲ 7700/- ਰੁਪਏ ਅਤੇ ਤੀਜੇ ਸਾਲ 8050/- ਰੁਪਏ ਹੈ।

ਇਸ ਮੀਟਿੰਗ/ਕੈਂਪ ਵਿੱਚ 10ਵੀਂ 12ਵੀਂ ਅਤੇ ਆਈ.ਟੀ.ਆਈ ਪਾਸ ਸਿਖਿਆਰਥੀ ਆਪਣੇ ਆਪ ਨੂੰ ਹੇਠ ਲਿਖੇ ਮਾਧਿਅਮਾਂ ਰਾਹੀਂ ਅਪ੍ਰੇਟਿਸ਼ ਲੱਗਣ ਹਿੱਤ ਰਜਿਸਟਰ ਕਰ ਸਕਦੇ ਹਨ।

1.ਮੀਟਿੰਗ/ਕੈਂਪ ਵਿੱਚ ਭਾਗ ਲੈਕੇ ਆਪਣੇ ਆਪ ਨੂੰ ਰਜਿਸਟਰ ਕਰਵਾਉ।

2. www.apprenticeshipindia.gov.in ਪੋਰਟਲ ਉੱਤੇ ਆਪਣੇ ਆਪ ਨੂੰ ਰਜਿਸਟਰ ਕਰਵਾਓ।

3.ਈਮੇਲ ਆਈਡੀ “app.regsitration@gmail.com” ਤੇ ਨਿਰਧਾਰਤ ਪ੍ਰੋਫਾਰਮਾ ਭਰਕੇ ਸਮੇਤ ਦਸਤਾਵੇਜਾਂ ਦੀਆਂ ਸਕੈਨ ਕਾੱਪੀਆਂ ਭੇਜੋ।

4. ਦਸਤਾਵੇਜ਼ਾ ਦੀ ਕਾਪੀਆਂ ਦੇ ਨਾਲ ਨਿਰਧਾਰਤ ਪ੍ਰਫਾਰਮੇ ਨੂੰ ਭਰ ਕੇ ਪੰਜਾਬ ਰਾਜ ਦੇ ਕਿਸੇ ਵੀ ਸਰਕਾਰੀ ਆਈ.ਟੀ.ਆਈ ਵਿੱਚ ਜਮਾ ਕਰਵਾਉ।ਨਿਰਧਾਰਤ ਪ੍ਰਫਾਰਮੇ ਦਾ ਫਾਰਮੇਟ ਵਿਭਾਗ ਦੀ ਵੈਬ-ਸਾਇਟ www.punjabitis.gov.in ਤੇ ਉਪਲੱਬਧ ਹੈ।

ਡੀ.ਪੀ.ਐਸ ਖਰਬੰਦਾ, ਆਈ.ਏ.ਐਸ
ਸਟੇਟ ਅਪ੍ਰੇਟਿਸਸ਼ਿਪ ਐਡਵਾਈਜਰ -ਕਮ-ਡਾਇਰੈਕਟਰ
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
ਪੰਜਾਬ, ਸੈਕਟਰ:36-ਏ, ਚੰਡੀਗੜ੍ਹ।